Ph. 01652-220896

# ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

ਇਸ ਕਾਰਪੋਰੇਸ਼ਨ ਨੂੰ ਸੰਖੇਪ ਵਿੱਚ ਬੈਕਫਿੰਕੋ ਵੀ ਕਹਿੰਦੇ ਹਨ। ਇਸ ਜ਼ਿਲ੍ਹੇ ਵਿੱਚ ਬੈਕਫਿੰਕੋ ਦਾ ਇਹ ਦਫ਼ਤਰ ਜ਼ਿਲ੍ਹਾ ਫੀਲਡ ਅਫ਼ਸਰ ਦੀ ਅਗਵਾਈ ਅਤੇ ਨਿਗਰਾਨੀ ਹੇਠ ਵਨ-ਵੇ ਟਰੈਫਿਕ ਰੋਡ, ਮਾਨਸਾ ਵਿਖੇ ਸਥਿਤ ਹੈ। ਪੰਜਾਬ ਸਰਕਾਰ ਨੇ ਬੈਕਫਿੰਕੋ ਦੀ ਸਥਾਪਨਾ 1976 ਵਿੱਚ ਰਾਜ ਦੀਆਂ ਪੱਛੜੀਆਂ ਸ਼੍ਰੇਣੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਕੀਤੀ ਸੀ। ਇਸ ਕਾਰਪੋਰੇਸ਼ਨ ਵੱਲੋਂ ਸਵੈ-ਰੋਜ਼ਗਾਰ ਸਕੀਮਾਂ ਲਈ ਘੱਟ ਵਿਆਜ਼ ਦਰਾਂ ਤੇ ਕਰਜੇ ਦਿੱਤੇ ਜਾਂਦੇ ਹਨ। ਸਾਲ 1992 ਵਿੱਚ ਭਾਰਤ ਸਰਕਾਰ ਨੇ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ.ਬੀ.ਸੀ.ਐਫ.ਡੀ.ਸੀ.) ਦੀ ਸਥਾਪਨਾ ਕੀਤੀ ਸੀ ਜਿਸਦੇ ਸਹਿਯੋਗ ਨਾਲ ਪੱਛੜੀਆਂ ਸ਼੍ਰੇਣੀਆਂ ਲਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਾਲ 1995 ਵਿੱਚ ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਐਨ.ਐਮ.ਡੀ.ਐਫ.ਸੀ.) ਦੀ ਸਥਾਪਨਾ ਉਪਰੰਤ ਘੱਟ ਗਿਣਤੀ ਵਰਗ (ਸਿੱਖ, ਮਸੁਲਮਾਨ, ਇਸਾਈ, ਪਾਰਸੀ ਅਤੇ ਬੋਧੀ) ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਰਾਸ਼ਟਰੀ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਸਵੈ-ਰੋਜ਼ਗਾਰ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

## *ਕਰਜ਼ਾ ਲੈਣ ਲਈ ਯੋਗਤਾਵਾਂ :*

ਪੰਜਾਬ ਸਰਕਾਰ ਵੱਲੋਂ ਘੋਸ਼ਿਤ ਪੱਛੜੀਆਂ ਸ਼੍ਰੇਣੀਆਂ ਜਾਂ ਭਾਰਤ ਸਰਕਾਰ ਵੱਲੋਂ ਘੋਸ਼ਿਤ ਘੱਟ ਗਿਣਤੀ ਵਰਗ ਦਾ ਕੋਈ ਵੀ ਵਿਅਕਤੀ, ਜਿਸਦੀ ਉਮਰ 18 ਸਾਲ ਤੋਂ 65 ਸਾਲ ਹੋਵੇ ਤੇ ਸਲਾਨਾ ਪਰਿਵਾਰਿਕ ਆਮਦਨ ਪੇਂਡੂ ਇਲਾਕਿਆਂ ਵਿੱਚ 31952/- ਤੇ ਸ਼ਹਿਰੀ ਇਲਾਕਿਆਂ ਵਿੱਚ 42412/- ਰੁਪਏ ਤੋਂ ਘੱਟ ਹੋਵੇ, ਕਰਜ਼ਾ ਲੈਣ ਦੇ ਯੋਗ ਹੈ।

## *ਕਰਜ਼ਾ ਪ੍ਰਾਪਤ ਕਰਨ ਦੀ ਵਿਧੀ :*

ਉਪਰੋਕਤ ਯੋਗਤਾਵਾਂ ਰੱਖਣ ਵਾਲੇ ਵਿਅਕਤੀ ਬੈਕਫ਼ਿਕੋ ਦੇ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਦਫ਼ਤਰਾਂ ਤੋਂ ਕਰਜ਼ਾ ਲੈਣ ਲਈ ਨਿਰਧਾਰਿਤ ਫਾਰਮ ਪ੍ਰਾਪਤ ਕਰ ਸਕਦੇ ਹਨ। ਫ਼ਾਰਮ ਮੁਫ਼ਤ ਮਿਲਦੇ ਹਨ। ਕਰਜ਼ਾ ਫ਼ਾਰਮ ਨਾਲ ਹੇਠ ਲਿਖੇ ਦਸਤਾਵੇਜ ਲਾਉਣੇ ਲੋੜੀਂਦੇ ਹਨ :-

ੳ) ਪੱਛੜੀ ਸ਼੍ਰੇਣੀ ਨਾਲ ਸੰਬੰਧਿਤ ਹੋਣ ਬਾਰੇ ਸਮੱਰਥ ਅਧਿਕਾਰੀ ਤੋਂ ਪੱਛੜੀ ਜਾਤੀ ਦਾ ਸਰਟੀਫਿਕੇਟ ਅਤੇ ਨਿਰਧਾਰਿਤ ਆਮਦਨ ਦੀ ਸੀਮਾਂ ਤੋਂ ਘੱਟ ਆਮਦਨ ਦਾ ਤਸਦੀਕ ਸ਼ੁਦਾ ਹਲਫੀਆ ਬਿਆਨ।

ਅ) ਘੱਟ ਗਿਣਤੀ ਵਰਗ (ਸਿੱਖ, ਮੁਸਲਮਾਨ, ਕ੍ਰਿਸ਼ਚਿਅਨ ਪਾਰਸੀ ਅਤੇ ਬੋਧੀ) ਨਾਲ ਸੰਬੰਧਿਤ ਵਿਅਕਤੀ ਨੂੰ ਘੱਟ ਗਿਣਤੀ ਵਰਗ ਨਾਲ ਸੰਬੰਧਿਤ ਹੋਣ ਬਾਰੇ ਅਤੇ ਨਿਰਧਾਰਿਤ ਆਮਦਨ ਸੀਮਾਂ ਤੋਂ ਘੱਟ ਆਮਦਨ ਦਾ ਤਸਦੀਕ ਸ਼ੁਦਾ ਹਲਫ਼ੀਆ ਬਿਆਨ।

ੲ) ਕਰਜ਼ਾ ਲੈਣ ਲਈ ਆਪਣੀ ਜਾਂ ਜ਼ਾਮਨ ਦੀ ਜ਼ਮੀਨ/ਮਕਾਨ/ਪਲਾਟ ਦੀ ਗਾਰੰਟੀ।

ਸ) ਕਰਜ਼ਾ ਲੈਣ ਦੇ ਚਾਹਵਾਨ ਵਿਅਕਤੀ ਦੀਆਂ ਤਿੰਨ ਤਸਦੀਕ ਸ਼ੁਦਾ ਫੋਟੋਆਂ।

***ਕਰਜ਼ੇ ਦੀ ਵਾਪਸੀ :***

ਕਰਜ਼ਾ 5 ਸਾਲਾਂ ਵਿੱਚ 20 ਤਿਮਾਹੀ ਕਿਸ਼ਤਾਂ ਵਿੱਚ ਵਾਪਸ ਕੀਤਾ ਜਾਵੇਗਾ। ਕਰਜ਼ਾ ਸਮੇਂ ਸਿਰ ਵਾਪਸ ਨਾ ਕਰਨ ਦੀ ਸੂਰਤ ਵਿੱਚ ਬਕਾਇਆ ਰਹਿੰਦੀ ਰਕਮ ਤੇ 1% ਪ੍ਰਤੀ ਮਹੀਨਾ ਦੇ ਹਿਸਾਬ ਨਾਲ ਦੰਡ ਵਿਆਜ ਵਸੂਲਿਆ ਜਾਵੇਗਾ।

ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ( ਬੈਕਫਿੰਕੋ ) ਵੱਲੋਂ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ.ਬੀ.ਸੀ.ਐਫ.ਡੀ.ਸੀ.) ਅਤੇ ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਐਨ.ਐਮ.ਡੀ.ਐਫ.ਸੀ.) ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੇਰਵਾ :-

| ਲੜੀ ਨੰ: | ਸਕੀਮ ਦਾ ਨਾਮ | ਯੂਨਿਟ ਦੀ ਲਾਗਤ | ਵਿਆਜ ਦੀ ਦਰ |
|---|---|---|---|
| | ***ਖੇਤੀ ਬਾੜੀ ਅਤੇ ਸਹਿਯੋਗੀ ਸੈਕਟਰ :*** | | |
| 1 | ਡੇਅਰੀ ਫਾਰਮਿੰਗ - 3 ਪਸ਼ੂ | 50,000/- ਰੁ: | 7% |
| 2 | ਡੇਅਰੀ ਫਾਰਮਿੰਗ - 4 ਪਸ਼ੂ | 70,000/- ਰੁ: | 7% |
| 3 | ਖੇਤੀਬਾੜੀ ਸੰਦ (ਫੈਬਰੀਕੇਸ਼ਨ) | 50,000/- ਰੁ: | 7% |
| 4 | ਮੁਰਗੀ ਪਾਲਣ | 50,000/- ਤੋਂ 1,00,000 ਰੁ: | 7% |
| 5 | ਸਬਜ਼ੀਆਂ ਲਗਾਉਣਾ | 30,000/- ਤੋਂ 50,000 ਰੁ: | 7% |
| 6 | ਸ਼ਹਿਦ ਦੀਆਂ ਮੱਖੀਆਂ ਪਾਲਣਾ | 30,000/- ਤੋਂ 50,000 ਰੁ: | 7% |
| | ***ਵਪਾਰ ਅਤੇ ਸਰਵਿਸ ਸੈਕਟਰ*** | | |
| 7 | ਟੇਲਰਿੰਗ | 40,000/- ਰੁ: | 7% |
| 8 | ਕਾਰਪੇਂਟਰੀ/ਫਰਨੀਚਰ ਸ਼ਾਪ/ਲੁਹਾਰ ਸ਼ਾਪ | 50,000/- ਰੁ: | 7% |
| 9 | ਆਟਾ ਚੱਕੀ/ਕੋਹਲੂ | 50,000/- ਰੁ: | 7% |
| 10 | ਆਟੋ ਰਿਕਸ਼ਾ | 50,000/- ਰੁ: | 7% |
| 11 | ਜਨਰਲ ਸਟੋਰ (ਕਰਿਆਨਾ/ ਪਸ਼ੂ / ਮੁਰਗੀਆਂ ਦਾ ਚਾਰਾ) | 50,000/- ਤੋਂ 1,00,000 ਰੁ: | 7% |
| 12 | ਹਾਰਡਵੇਅਰ ਸਟੋਰ (ਸੈਨੇਟਰੀ ਅਤੇ | 50,000/- ਤੋਂ | 7% |

| | | | |
|---|---|---|---|
| | ਬਿਲਡਿੰਗ ਮੈਟੀਰੀਅਲ, ਲੋਹਾ ਆਦਿ) | 1,00,000 ਰੁ: | |
| 13 | ਕਲਾਥ / ਰੇਡੀਮੇਡ ਗਾਰਮੈਂਟਸ ਸ਼ਾਪ | 50,000/- ਤੋਂ<br>1,00,000 ਰੁ: | 7% |
| 14 | ਬੁੱਕਸ/ਸਟੇਸ਼ਨਰੀ ਦੀ ਦੁਕਾਨ | 50,000/- ਤੋਂ<br>1,00,000 ਰੁ: | 7% |
| 15 | ਆਟੋਮੋਬਾਈਲ ਰਿਪੇਅਰ/<br>ਸਪੇਅਰ ਪਾਰਟਸ ਸ਼ਾਪ/ਸਾਈਕਲ<br>ਦੀ ਸੇਲ ਅਤੇ ਰਿਪੇਅਰ | 50,000/- ਤੋਂ<br>1,00,000 ਰੁ: | 7% |
| 16 | ਇਲੈਕਟ੍ਰੋਨਿਕ/ਇਲੈਕਟ੍ਰੀਕਲ<br>ਸੇਲ ਅਤੇ ਰਿਪੇਅਰ | 50,000/- ਤੋਂ<br>1,00,000 ਰੁ: | 7% |
| ***ਸਮਾਲ ਸਕੇਲ ਇੰਡਸਟਰੀ ਸੈਕਟਰ*** | | | |
| 17 | ਫੈਬਰੀਕੇਸ਼ਨ ਯੂਨਿਟ | 50,000/- ਤੋਂ<br>1,00,000 ਰੁ: | 7% |
| 18 | ਹੌਜਰੀ ਯੂਨਿਟ | 50,000/- ਤੋਂ<br>1,00,000 ਰੁ: | 7% |
| 19 | ਸਮਾਲ ਸਕੇਲ ਇੰਡਸਟਰੀਅਲ ਯੂਨਿਟ<br>(ਕੋਈ ਵੀ ਸਮਾਨ ਬਨਾਉਣ ਦਾ ਕਾਰੋਬਾਰ) | 50,000/- ਤੋਂ<br>1,00,000 ਰੁ: | 7% |

ਕਰਜ਼ਾ ਲੈਣ ਦੇ ਚਾਹਵਾਨ ਵਿਅਕਤੀ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਫੀਲਡ ਅਫ਼ਸਰ ਬੈਕਫਿੰਕੋ ਨਾਲ ਕਰਜ਼ਾ ਪ੍ਰਾਪਤ ਕਰਨ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹਨ ।